**Subject: Punjabi** **Class : VII**

## ਪਾਠ-2: ਮੋਤੀ

**ਪ੍ਰ.1 ਇਸ ਕਹਾਣੀ ਵਿਚਲੇ ਲੜਕੇ ਨੂੰ ਮੋਤੀ ਕਿੱਥੋਂ ਤੇ ਕਿਵੇਂ ਮਿਲਿਆ?**

**ਉ.** ਇਸ ਕਹਾਣੀ ਵਿਚਲੇ ਲੜਕੇ ਨੂੰ ਮੋਤੀ ਉਸ ਦੇ ਪਿਤਾ ਦੇ ਇੱਕ ਬੰਗਾਲੀ ਮਿੱਤਰ ਦੇ ਘਰੋਂ ਮਿਲਿਆ। ਜਦੋਂ ਲੇਖਕ ਅਤੇ ਉਸ ਦਾ ਪਿਤਾ ਬੰਗਾਲੀ ਮਿੱਤਰ ਦੇ ਘਰ ਗਏ, ਉਸ ਸਮੇਂ ਕੁੱਤਾ ਸੋਫ਼ੇ ਹੇਠਾਂ ਬੈਠਾ ਸੀ।

**ਪ੍ਰ.2 ਮੋਤੀ ਹੈਰਾਨ ਕਿਉਂ ਸੀ?**

**ਉ.** ਜਦੋਂ ਲੇਖਕ ਦੇ ਪਿਤਾ ਜੀ ਦੇ ਸਾਹਮਣੇ ਮੋਤੀ ਦੇ ਪੁਰਾਣੇ ਮਾਲਕ ਨੇ, ਮੋਤੀ ਦੇ ਗਲ ਵਿੱਚ ਸੰਗਲੀ ਪਟੇ ਵਿੱਚ ਪਾਈ ਉਦੋਂ ਮੋਤੀ ਹੈਰਾਨ ਹੋ ਗਿਆ।ਸ਼ਾਇਦ ਉਹ ਸੋਚ ਰਿਹਾ ਸੀ ਕਿ ਦੋ ਘੜੀ ਦੀ ਪ੍ਰੀਤ ਲਈ ਹੁਣ ਉਮਰ ਕੈਦ ਹੋ ਗਈ।

**ਪ੍ਰ.3 ਮੋਤੀ ਕਾਰਨ ਲੜਕੇ ਨਾਲ ਸਕੂਲ ਵਿੱਚ ਕਿਹੜੀ ਘਟਨਾ ਵਾਪਰੀ?**

**ਉ.** ਇੱਕ ਵਾਰ ਮੋਤੀ ਲੇਖਕ ਨਾਲ ਸਕੂਲ ਚਲਾ ਗਿਆ ਲੇਖਕ ਦੇ ਜਮਾਤੀ ਮੋਤੀ ਨਾਲ ਤਰ੍ਹਾਂ-ਤਰ੍ਹਾਂ ਦੀਆਂ ਖਰਮਸਤੀਆਂ (ਸ਼ਰਾਰਤਾਂ) ਕਰਨ ਲੱਗੇ। ਇਸ ਉਪਰੰਤ ਮਾਸਟਰ ਜੀ ਮੋਤੀ ਮਗਰ ਰੂਲ ਲੈ ਕੇ ਦੌੜੇ ਅਤੇ ਜਵਾਬ ਵਿੱਚ ਮੋਤੀ ਨੇ ਮਾਸਟਰ ਜੀ ਨੂੰ ਘੁਰਕੀ ਵਿਖਾਈ ਅਤੇ ਚਿੱਟੇ ਦੁੱਧ ਦੰਦ ਦਿਖਾਏ ਅਤੇ ਮੇਜ਼ ਥੱਲੇ ਵੜ ਕੇ ਬੈਠ ਗਿਆ।ਇਸ ਤੋਂ ਬਾਅਦ ਉਹਨਾਂ ਨੇ ਲੇਖਕ ਨੂੰ ਮੋਤੀ ਘਰ ਛੱਡ ਕੇ ਆਉਣ ਲਈ ਕਿਹਾ ਅਤੇ ਬਾਅਦ ਵਿੱਚ ਲੇਖਕ ਨੂੰ ਮਾਸਟਰ ਜੀ ਨੇ ਸੇਵੀਆਂ ਦਾ ਸੁਆਦ ਚਖਾਇਆ ਭਾਵ ਚਪੇੜਾਂ ਲਾਈਆਂ।

**ਪ੍ਰ.4 ਮੋਤੀ ਵਿੱਚ ਕਿਹੜੇ-ਕਿਹੜੇ ਗੁਣ ਸਨ?**

**ਉ.** ਮੋਤੀ ਵਿੱਚ ਹੇਠ ਲਿਖੇ ਗੁਣ ਸਨ-

1. ਮੋਤੀ ਹਨ੍ਹੇਰੇ ਵਿੱਚ ਲਾਲਟੈਣ ਚੁੱਕ ਕੇ ਚਾਨਣਾ ਕਰਕੇ ਆਪਣੇ ਮਾਲਕ ਦੀ ਮਦਦ ਕਰਦਾ ਸੀ।
2. ਦੂਰ ਸਿੱਟੀ ਕੋਈ ਵੀ ਚੀਜ਼ ਚੁੱਕ ਕੇ ਲਿਆਉਂਦਾ ਅਤੇ ਘਰ ਦੀ ਰਾਖੀ ਕਰਦਾ ਸੀ।
3. ਇੱਕ ਵਾਰ ਮੋਤੀ ਨੇ ਆਪਣੇ ਮਾਲਕ ਦੀ ਕਰੁੰਡੀਏ ਸੱਪ ਤੋਂ ਰੱਖਿਆ ਕੀਤੀ।

**ਪ੍ਰ.5 ਲੜਕੇ ਨੂੰ ਮੇਮ ਵੱਲੋਂ ਕਿਹੜੀਆਂ ਚੀਜ਼ਾਂ ਦੇ ਗੱਫੇ ਮਿਲਦੇ ਸਨ?**

**ਉ.** ਲੜਕੇ ਨੂੰ ਮੇਮ ਵੱਲੋਂ ਮੋਤੀ ਲਈ ਆਂਡੇ, ਦੁੱਧ, ਕੇਕ, ਬਿਸਕੁਟ, ਚਾਕਲੇਟ ਤੇ ਸੈਂਡਵਿਚ ਚੀਜ਼ਾਂ ਦੇ ਗੱਫੇ ਮਿਲਦੇ ਸਨ।

**ਪ੍ਰ.6 ਮੇਮ ਦੀਆਂ ਕਿਆਰੀਆਂ ਵਿੱਚ ਕਿਹੜੇ-ਕਿਹੜੇ ਫੁੱਲ ਖਿੜੇ ਹੋਏ ਸਨ?**

**ਉ.** ਮੇਮ ਦੀਆਂ ਕਿਆਰੀਆਂ ਵਿੱਚ ਗੁਲਾਬ, ਟਿਊਲਿਪ ਅਤੇ ਟਮਾਟਰਾਂ ਦੇ ਬੂਟਿਆਂ ਦੇ ਫੁੱਲ ਖਿੜੇ ਹੋਏ ਸਨ।

**ਪ੍ਰ.7 ਦੱਸੋ ਮੋਤੀ ਦਾ ਸੁਭਾਅ ਕਿਹੋ-ਜਿਹਾ ਸੀ?**

**ਉ.** ਮੋਤੀ ਦਾ ਸੁਭਾਅ ਮਾਲਕ ਦੀ ਆਗਿਆ ਦਾ ਪਾਲਣ ਕਰਨ ਵਾਲਾ, ਲੋੜ ਪੈਣ ਤੇ ਮਾਲਕ ਖਾਤਰ ਜਾਨ ਦੇਣ ਵਾਲਾ, ਹਮੇਸ਼ਾ ਹਰ ਹਾਲਤ ਵਿੱਚ ਮਾਲਕ ਦੀ ਰੱਖਿਆ ਕਰਨ ਵਾਲਾ ਅਤੇ ਮਾਲਕ ਦੇ ਛੱਡ ਜਾਣ ਤੇ ਵੀ ਉਸ ਦੇ ਪਿਆਰ ਨੂੰ ਨਾ ਭੁਲਾਉਣ ਵਾਲਿਆਂ ਵਿੱਚੋਂ ਸੀ।

## ਪਾਠ-3 : ਪੰਜਾਬ ਦੀ ਲੋਕ ਗਾਇਕਾ-ਸੁਰਿੰਦਰ ਕੌਰ

**ਪ੍ਰ.1 ਸੁਰਿੰਦਰ ਕੌਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?**

**ਉ.** ਸੁਰਿੰਦਰ ਕੌਰ ਦਾ ਜਨਮ 25 ਨਵੰਬਰ,1929 ਨੂੰ ਦੀਵਾਨ ਬਿਸ਼ਨ ਸਿੰਘ ਦੇ ਘਰ ਮਾਂ ਮਾਇਆ ਦੇਵੀ ਦੀ ਕੁੱਖੋਂ ਲਾਹੌਰ ਵਿਖੇ ਹੋਇਆ।

**ਪ੍ਰ.2 ਸੁਰਿੰਦਰ ਕੌਰ ਨੇ ਕਿਹੜੇ-ਕਿਹੜੇ ਉਸਤਾਦਾਂ ਤੋਂ ਗਾਇਕੀ ਦੀ ਸਿੱਖਿਆ ਹਾਸਲ ਕੀਤੀ?**

**ਉ.** ਸੁਰਿੰਦਰ ਕੌਰ ਨੇ ਗੁਲਾਮ ਅਲੀ ਖਾਨ ਦੇ ਭਾਣਜੇ ਅਨਾਇਤ ਹੁਸੈਨ ਤੋਂ ਸ਼ਾਸਤਰੀ ਸੰਗੀਤ ਦੀ ਸਿੱਖਿਆ ਲਈ।ਪਟਿਆਲੇ ਘਰਾਣੇ ਦੇ ਸੰਗੀਤ-ਸ਼ਾਸਤਰੀ ਉਸਤਾਦਾਂ ਤੋਂ ਸ਼ਾਸਤਰੀ ਸੰਗੀਤ,ਗਜ਼ਲ, ਠੁਮਰੀ ਦੀ ਸਿੱਖਿਆ ਗ੍ਰਹਿਣ ਕੀਤੀ। ਕਾਫੀਆਂ ਗਾਉਣ ਦਾ ਹੁਨਰ ਕੁੰਦਨ ਲਾਲ ਸ਼ਰਮਾ ਤੋਂ ਸਿੱਖਿਆ।

**ਪ੍ਰ.3 'ਛੋਟੀ ਉਮਰ ਵਿੱਚ ਹੀ ਸੁਰਿੰਦਰ ਕੌਰ ਦੀ ਪ੍ਰਸਿੱਧੀ ਵਧੀ' ਦੱਸੋ ਕਿਵੇਂ?**

**ਉ.** ਸੁਰਿੰਦਰ ਕੌਰ ਨੂੰ 12-13 ਸਾਲ ਦੀ ਉਮਰ ਵਿੱਚ ਹੀ ਲਾਹੌਰ ਰੇਡੀਓ ਸਟੇਸ਼ਨ' ਤੇ ਬੱਚਿਆਂ ਦੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ।ਉੱਥੇ ਉਸ ਨੇ ਪਹਿਲਾ ਗੀਤ ਗਾਇਆ। ਉਸ ਦੀ ਆਵਾਜ਼ ਤੋਂ ਪ੍ਰਭਾਵਿਤ ਹੋ ਕੇ ਪ੍ਰਬੰਧਕਾਂ ਨੇ ਸੁਰਿੰਦਰ ਕੌਰ ਨੂੰ ਰੇਡੀਓ-ਸਟੇਸ਼ਨ ਤੋਂ ਅਕਸਰ ਗਵਾਉਣਾ ਸ਼ੁਰੂ ਕਰ ਦਿੱਤਾ।ਛੇਤੀ ਹੀ ਉਸ ਦੀ ਪ੍ਰਸਿੱਧੀ ਏਨੀ ਵੱਧ ਗਈ ਕਿ 'ਹਿਜ਼ ਮਾਸਟਰਜ਼ ਵਾਇਸ' ਕੰਪਨੀ ਵਾਲਿਆਂ ਨੇ ਤੇ ਫਿਲਮ ਇੰਡਸਟਰੀ ਵਾਲਿਆਂ ਨੇ ਉਸ ਦਾ ਪਹਿਲਾ ਗੀਤ 'ਮਾਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਏ' ਰਿਕਾਰਡ ਹੋਇਆ।

**ਪ੍ਰ.4 ਸੁਰਿੰਦਰ ਕੌਰ ਨੇ ਆਪਣੀ ਗਾਇਕੀ ਬਾਰੇ ਆਪ ਕੀ ਦੱਸਿਆ?**

**ਉ.** ਉਹ ਆਪਣੀ ਗਾਇਕੀ ਬਾਰੇ ਦੱਸਦੀ ਹੈ, "ਗਾਉਣ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ।ਮੈਂ ਤਾਂ ਏਨਾ ਕਹਾਂਗੀ ਕਿ ਇਹ ਸ਼ੌਕ ਮੈਨੂੰ ਰੱਬ ਨੇ ਹੀ ਲਾਇਆ ਹੈ।ਰੱਬ ਦੀ ਹੀ ਅਪਾਰ ਕਿਰਪਾ ਨਾਲ ਇਹ ਸ਼ੌਕ ਪੂਰਾ ਹੋਇਆ ਅਤੇ ਹੁੰਦਾ ਰਹੇਗਾ"। ਇਸ ਵਿੱਚ ਕੋਈ ਝੂਠ ਨਹੀਂ ਕਿ ਇਸ ਸ਼ੌਕ ਨੂੰ ਉਸ ਨੇ ਆਪਣੀ ਉਮਰ ਦੇ ਸੱਤ ਦਹਾਕੇ ਨਿਭਾਇਆ।

**ਪ੍ਰ.5 ਸੁਰਿੰਦਰ ਕੌਰ ਦੇ ਗਾਏ ਗੀਤਾਂ ਵਿੱਚੋਂ ਕਿਹੜੇ-ਕਿਹੜੇ ਗੀਤ ਵੱਧ ਹਰਮਨ-ਪਿਆਰੇ ਹੋਏ?**

**ਉ.** ਸੁਰਿੰਦਰ ਕੌਰ ਦੇ ਗਾਏ ਗੀਤਾਂ ਵਿੱਚੋਂ ਵੱਧ ਹਰਮਨ-ਪਿਆਰੇ ਗੀਤ ਹੇਠ ਲਿਖੇ ਹਨ:-

'ਸੜਕੇ-ਸੜਕੇ ਜਾਂਦੀਏ, ਮੁਟਿਆਰੇ ਨੀ,
ਕੰਡਾ ਚੁਭਾ ਤੇਰੇ ਪੈਰ,ਬਾਂਕੀਏ ਨਾਰੇ ਨੀ'।
'ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏਂ'।
'ਸਾਡਾ ਚਿੜੀਆਂ ਦਾ ਚੰਬਾ ਵੇ,ਬਾਬਲ ਅਸਾਂ ਉੱਡ ਜਾਣਾ,
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ'।
'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ'।

**ਪ੍ਰ.6 'ਸਾਡਾ ਚਿੜਿਆਂ ਦਾ ਚੰਬਾ'ਗੀਤ ਸੁਰਿੰਦਰ ਕੌਰ ਦੇ ਪਰਿਵਾਰ ਦੇ ਜੀਆਂ ਵਿੱਚੋਂ ਹੋਰ ਕਿਸ-ਕਿਸ ਨੇ ਗਾਇਆ?**

**ੳ.** 'ਸਾਡਾ ਚਿੜੀਆਂ ਦਾ ਚੰਬਾ'ਵਾਲਾ ਗੀਤ,ਤਿੰਨ ਭੈਣਾਂ; ਪ੍ਰਕਾਸ਼ ਕੌਰ,ਸੁਰਿੰਦਰ ਕੌਰ ਅਤੇ ਨਰਿੰਦਰ ਕੌਰ ਨੇ ਗਾਇਆ ਅਤੇ ਫਿਰ ਇਹੀ ਗੀਤ ਤਿੰਨ ਪੀੜ੍ਹੀਆਂ-ਸੁਰਿੰਦਰ ਕੌਰ, ਉਸ ਦੀ ਧੀ ਡੌਲੀ ਗੁਲੇਰੀਆ ਅਤੇ ਦੋਹਤੀ ਸੁਨੈਨਾ ਨੇ ਵੀ ਗਾਇਆ।

**ਪ੍ਰ.7 ਸੁਰਿੰਦਰ ਕੌਰ ਦੇ ਪਤੀ ਨੇ ਉਹਨਾਂ ਦੀ ਗਾਇਕੀ ਵਿੱਚ ਕੀ ਯੋਗਦਾਨ ਪਾਇਆ?**

**ੳ.** ਸੁਰਿੰਦਰ ਕੌਰ ਦੇ ਪਤੀ ਨੇ ਉਹਨਾਂ ਦੀ ਗਾਇਕੀ ਵਿੱਚ ਭਰਪੂਰ ਯੋਗਦਾਨ ਦਿੱਤਾ।ਉਹ ਸੁਰਿੰਦਰ ਕੌਰ ਲਈ ਵਧੀਆ ਕਵਿਤਾਵਾਂ ਲੱਭ ਕੇ ਲਿਆਉਂਦੇ ਅਤੇ ਉਸ ਨੂੰ ਸੰਗੀਤ ਦੀਆਂ ਧੁਨਾਂ ਤੇ ਗਾਉਣ ਲਈ ਉਤਸ਼ਾਹਿਤ ਕਰਦੇ ਅਤੇ ਰੋਜ਼ਾਨਾ ਰਿਆਜ਼ ਕਰਨ ਲਈ ਆਖਦੇ।

**ਪ੍ਰ.8 ਕੀ ਕਾਰਨ ਸੀ ਕਿ ਸੁਰਿੰਦਰ ਕੌਰ ਗੀਤ ਪੇਸ਼ ਕਰਨ ਸਮੇਂ ਆਪਣੇ ਸ੍ਰੋਤਿਆਂ ਨੂੰ ਕੀਲ ਲੈਂਦੀ ਸੀ?**

**ੳ.** ਸ੍ਰੋਤਿਆਂ ਨੂੰ ਕੀਲਣ ਦੀ ਕਲਾ ਸੁਰਿੰਦਰ ਕੌਰ ਵਿੱਚ ਇਸ ਕਰਕੇ ਸੀ ਕਿਉਂਕਿ ਉਹ ਵਰਿਆਂ ਤੋਂ ਰਿਆਜ਼ ਕਰ ਰਹੀ ਸੀ ਅਤੇ ਹੱਥਾਂ ਵਿੱਚ ਘੰਗਰੂ ਫੜ ਕੇ ਤਾਲ ਦਿੰਦੀ ਸੀ। ਇਸ ਤੋਂ ਬਿਨ੍ਹਾਂ ਉਹ ਸਧਾਰਨ ਲੋਕ ਸਾਜ਼ਾਂ ਦੀ ਵਰਤੋਂ ਕਰਦੀ ਸੀ।

**ਪ੍ਰ.9 ਸੁਰਿੰਦਰ ਕੌਰ ਨੇ ਪੰਜਾਬ ਤੋਂ ਇਲਾਵਾ ਹੋਰ ਕਿਹੜੀਆਂ-ਕਿਹੜੀਆਂ ਥਾਂਵਾਂ' ਤੇ ਗੀਤ ਪੇਸ਼ ਕੀਤੇ?**

**ੳ.** ਸੁਰਿੰਦਰ ਕੌਰ ਨੇ ਪੰਜਾਬ ਤੋਂ ਇਲਾਵਾ ਭਾਰਤ ਦੇ ਮਹਾਂਨਗਰਾਂ-ਮੁੰਬਈ, ਕਲਕੱਤਾ, ਪੂਨਾ, ਮਦਰਾਸ, ਬੰਗਲੌਰ, ਪਟਨਾ ਅਤੇ ਦਿੱਲੀ ਵਿੱਚ ਗਾਇਆ।

## ਪਾਠ-4: ਘੜੇ ਦਾ ਪਾਣੀ

**ਪ੍ਰ.1 ਘੜੇ ਦੇ ਹੋਰ ਰੂਪ ਕਿਹੜੇ-ਕਿਹੜੇ ਹਨ?**

**ੳ.** ਮੱਟ, ਘੜੀਆਂ,ਸੁਰਾਹੀਆਂ, ਚਾਟੀ, ਝੱਕਰਾ, ਝੱਕਰੀ, ਤੌੜੀ ਆਦਿ ਸਭ ਘੜੇ ਦੇ ਰੂਪ ਹਨ।

**ਪ੍ਰ.2 ਘੜੇ ਦੀ ਵਰਤੋਂ ਕਿਹੜੇ-ਕਿਹੜੇ ਕੰਮਾਂ ਲਈ ਕੀਤੀ ਜਾਂਦੀ ਹੈ?**

**ੳ.** ਘੜੇ ਦੀ ਵਰਤੋਂ ਪੀਣ ਵਾਲੇ ਪਾਣੀ ਲਈ ਅਤੇ ਸਾਜ਼ ਦੇ ਤੌਰ ਤੇ ਕੀਤੀ ਜਾਂਦੀ ਹੈ।

**ਪ੍ਰ.3 ਪੁਰਾਣੇ ਸਮੇਂ ਵਿੱਚ ਪਿਆਸੇ ਰਾਹੀਆਂ ਦੀ ਪਿਆਸ ਬੁਝਾਉਣ ਲਈ ਕੀ ਕੀਤਾ ਜਾਂਦਾ ਸੀ?**

**ੳ.** ਪੁਰਾਣੇ ਸਮੇਂ ਵਿੱਚ ਪਿਆਸੇ ਰਾਹੀਆਂ ਦੀ ਪਿਆਸ ਬੁਝਾਉਣ ਲਈ ਰਾਜੇ-ਮਹਾਰਾਜਿਆਂ ਦੁਆਰਾ ਕਿਸੇ ਛਾਂ-ਦਾਰ ਰੁੱਖ ਹੇਠਾਂ ਜਾਂ ਕੋਈ ਕੰਮਸਾਰੂ ਛੱਤ ਹੇਠ ਘੜਿਆਂ ਸਮੇਤ ਪਿਆਉ ਬਿਠਾਏ ਜਾਂਦੇ ਸਨ।

**ਪ੍ਰ.4 ਪੁਰਾਣੇ ਸਮਿਆਂ ਵਿੱਚ ਖੂਹਾਂ ਤੋਂ ਪਾਣੀ ਲਿਆਉਣ ਲਈ ਮੁਟਿਆਰਾਂ ਕੀ ਕੁਝ ਕਰਦੀਆਂ ਸਨ?**

**ੳ.** ਪੁਰਾਣੇ ਸਮੇਂ ਵਿੱਚ ਖੂਹਾਂ ਤੋਂ ਪਾਣੀ ਲਿਆਉਣ ਲਈ ਮੁਟਿਆਰਾਂ ਸੂਫ ਦੇ ਘੱਗਰੇ ਪਾਉਂਦੀਆਂ, ਅਠਖੇਲੀਆਂ ਕਰਦੀਆਂ ਅਤੇ ਘੜਾ ਢਾਕ ਤੇ ਰੱਖ ਕੇ ਬਿਦ-ਬਿਦ ਕੇ ਮੁਕਾਬਲੇ ਕਰਦੀਆਂ ਸਨ।

**ਪ੍ਰ.5 ਅਜੋਕੇ ਸਮੇਂ ਵਿੱਚ ਘੜਾ ਕਿੰਨਾ ਕੁ ਮਹੱਤਵਪੂਰਨ ਹੈ?**

**ੳ.** ਅਜੋਕੇ ਸਮੇਂ ਭਾਵ ਅੱਜ ਦੇ ਸਮੇਂ ਵਿੱਚ ਘੜੇ ਦੀ ਮਹੱਤਤਾ ਘੱਟ ਗਈ ਹੈ ਅਤੇ ਫਰਿੱਜਾਂ, ਵਾਟਰ ਕੂਲਰਾਂ ਦੀ ਮਹੱਤਤਾ ਵੱਧ ਗਈ ਹੈ।

**ਪ੍ਰ.6 ਮਨੁੱਖੀ ਸਰੀਰ ਕਿਹੜੇ ਪੰਜ ਤੱਤਾਂ ਦਾ ਬਣਿਆ ਹੋਇਆ ਹੈ ਤੇ ਇਹ ਤੱਤ ਘੜੇ ਵਿੱਚ ਕਿਵੇਂ ਸਮਾਏ ਹੋਏ ਹਨ?**

**ੳ.** ਸਾਡਾ ਸਰੀਰ ਪੰਜ ਤੱਤਾਂ: ਮਿੱਟੀ, ਹਵਾ, ਪਾਣੀ, ਅਗਨੀ ਤੇ ਅਕਾਸ਼ ਦਾ ਬਣਿਆ ਹੋਇਆ ਹੈ। ਘੜੇ ਦੇ ਪਾਣੀ ਵਿੱਚ ਇਹ ਸਾਰੇ ਤੱਤ ਸੁਭਾਵਿਕ ਹੀ ਇੱਕ-ਮਿੱਕ ਹੋਏ ਮਿਲਦੇ ਹਨ।ਘੜੇ ਦਾ ਤਾਂ ਜਨਮ ਹੀ ਮਿੱਟੀ ਵਿੱਚੋਂ ਹੁੰਦਾ ਹੈ।ਪਾਣੀ ਨਾਲ ਮਿੱਟੀ ਗੁੰਨ੍ਹ ਕੇ, ਖੁੱਲ੍ਹੇ ਅਕਾਸ਼ ਹੇਠ, ਚੁੱਕ ਉੱਤੇ ਪੌਣ ਦੇ ਮਿੱਠੇ ਹਿਲੋਰਿਆਂ ਨਾਲ ਕਾਰੀਗਰ ਮਿੱਟੀ ਵਿੱਚ ਜਾਨ ਪਾਉਂਦਾ ਹੈ, ਅਗਨੀ ਘੜੇ ਨੂੰ ਪਕਾਉਂਦੀ ਹੈ।

## ਪਾਠ-6 : ਬਲਦਾਂ ਵਾਲਾ ਪਿਆਰਾ ਸਿੰਘ

**ਪ੍ਰ.1 ਪਿਆਰਾ ਸਿੰਘ ਦਾ ਨਿੱਤ-ਨੇਮ ਕੀ ਸੀ?**

**ੳ.** ਪਿਆਰਾ ਸਿੰਘ ਆਪਣੇ ਨਿੱਤਨੇਮ ਅਨੁਸਾਰ ਸਵੇਰੇ ਸਵੱਖਤੇ ਚਾਰ ਵਜੇ ਉੱਠ ਖੜ੍ਹਦਾ, ਸਭ ਤੋਂ ਪਹਿਲਾਂ ਪਸ਼ੂਆਂ ਨੂੰ ਪੱਠੇ ਪਾਉਂਦਾ, ਨਲਕਾ ਗੇੜ ਕੇ ਪਾਣੀ ਭਰਦਾ, ਵਾਹਿਗੁਰੂ-ਵਾਹਿਗੁਰੂ ਬੋਲ ਕੇ ਇਸ਼ਨਾਨ ਕਰਦਾ ਫਿਰ ਬਲਦਾਂ ਦੀ ਖੁਰਲੀ ਵਿੱਚ ਹੱਥ ਮਾਰ ਕੇ ਪੱਠੇ ਇੱਕਠੇ ਕਰਦਾ ਅਤੇ ਕਹਿੰਦਾ ਰੱਜ ਕੇ ਖਾ ਲਓ ਸ਼ੇਰੋ ਫੇਰ ਖੇਤ ਨੂੰ ਚਲਾਂਗੇ।ਫਿਰ ਆਪਣੀ ਪਤਨੀ ਧੰਨ ਕੌਰ ਤੋਂ ਲੱਸੀ ਦੀ ਮੰਗ ਕਰਦਾ ਅਤੇ ਖੇਤ ਨੂੰ ਜਾਂਦਾ ਸੀ।

**ਪ੍ਰ.3 ਪਿਆਰਾ ਸਿੰਘ ਨੇ ਕਿਹੜੇ-ਕਿਹੜੇ ਢੰਗ-ਤਰੀਕੇ ਆਪਣੇ ਬਾਪੂ ਦੀਦਾਰ ਸਿੰਘ ਤੋਂ ਸਿੱਖੇ ਸਨ?**

**ੳ.** ਪਿਆਰਾ ਸਿੰਘ ਨੇ ਇਹ ਸਾਰੇ ਢੰਗ ਆਪਣੇ ਬਾਪੂ ਦੀਦਾਰ ਸਿੰਘ ਤੋਂ ਸਿੱਖੇ ਸਨ ਜਿਵੇਂ -ਦੇਸੀ ਖਾਦ ਪਾਉਣੀ, ਦੇਸੀ ਸੰਦ ਵਰਤਣੇ,ਖੂਹ ਦੇ ਪਾਣੀ ਨਾਲ ਖੇਤੀ ਕਰਨੀ, ਫਸਲਾਂ ਦਾ ਧਿਆਨ ਧੀਆਂ ਪੁੱਤਾਂ ਵਾਂਗ ਰੱਖਣਾ ਆਦਿ।

**ਪ੍ਰ.4 ਪਿਆਰਾ ਸਿੰਘ ਨੂੰ ਕਿਸੇ ਵੀ ਚੀਜ਼ ਦੀ ਤੰਗੀ-ਤੁਰਸ਼ੀ ਨਹੀਂ ਸੀ।ਦੱਸੋਂ ਕਿਵੇਂ?**

**ਉ.** ਪਿਆਰਾ ਸਿੰਘ ਨੂੰ ਕਿਸੇ ਚੀਜ਼ ਦੀ ਤੰਗੀ-ਤੁਰਸ਼ੀ ਨਹੀਂ ਸੀ ਭਾਵ ਘਾਟ ਨਹੀਂ ਸੀ।ਉਸ ਦਾ ਘਰ ਦੁੱਧ, ਪੁੱਤ, ਧੀ, ਦੋ ਮੱਝਾਂ, ਇੱਕ ਗਾਂ, ਨਗੌਰੀ ਬਲਦਾਂ ਦੀ ਜੋੜੀ ਨਾਲ ਭਰਿਆ ਸੀ।

**ਪ੍ਰ.5 "ਤੂੰ ਵੀ ਖੇਤਾਂ ਵਿੱਚ ਫਾਰਮੀ ਖਾਦ ਪਾ ,ਨਵੇਂ ਬੀਜ ਪਾ।ਆਪਾਂ ਵੀ ਟ੍ਰੈਕਟਰ ਵਾਲੇ ਬਣੀਏ"। ਧੰਨ ਕੌਰ ਵੱਲੋਂ ਦਿੱਤੀ ਸਲਾਹ,ਪਿਆਰਾ ਸਿੰਘ ਕਿਉਂ ਨਹੀਂ ਸੀ ਮੰਨਣੀ ਚਾਹੁੰਦਾ?**

**ਉ.** ਪਿਆਰਾ ਸਿੰਘ,ਧੰਨ ਕੌਰ ਦੀ ਦਿੱਤੀ ਸਲਾਹ ਇਸ ਕਰਕੇ ਨਹੀ ਸੀ ਮੰਨਦਾ ਕਿਉਂਕਿ ਉਹ ਦੇਸੀ ਢੰਗ ਅਤੇ ਦੇਸੀ ਖਾਦ ਨਾਲ ਖੇਤੀ ਕਰਨਾ ਪਸੰਦ ਕਰਦਾ ਸੀ।ਉਸ ਅਨੁਸਾਰ ਹੱਥੀਂ ਮਿਹਨਤ ਨਾਲ ਸਰੀਰ ਠੀਕ ਰਹਿੰਦਾ ਹੈ ਅਤੇ ਦੇਸੀ ਖਾਦ ਨਾਲ ਸਿਹਤ ਠੀਕ ਰਹਿੰਦੀ ਹੈ।

**ਪ੍ਰ.6 ਪਿਆਰਾ ਸਿੰਘ ਆਪਣੇ ਦੋਹਾਂ ਬੱਚਿਆਂ ਦਾ ਵਿਆਹ ਕਿਹੋ-ਜਿਹਾ ਕਰਨਾ ਚਾਹੁੰਦਾ ਸੀ?**

**ਉ.** ਪਿਆਰਾ ਸਿੰਘ ਆਪਣੇ ਬੱਚਿਆਂ ਦਾ ਵਿਆਹ ਸਾਦੇ ਢੰਗ ਨਾਲ ਕਰਨਾ ਚਾਹੁੰਦਾ ਸੀ।ਉਸ ਦੀ ਸੋਚ ਸੀ ਕਿ ਉਹ ਵਿਆਹ ਲਈ ਅੱਡੀਆਂ ਚੁੱਕ ਕੇ ਫਾਹਾ ਨਾ ਲਵੇ, ਨਾ ਹੀ ਕੋਈ ਕਰਜ਼ਾ ਚੁੱਕੇ ਬਸ ਆਪਣੀ ਹੈਸੀਅਤ ਮੁਤਾਬਕ ਵਿਆਹ ਕਰੇ।

**ਪ੍ਰ.7 ਪਿੰਡ ਦੇ ਲੋਕ ਪਿਆਰਾ ਸਿੰਘ ਦੇ ਖੇਤ ਦੀ ਫਸਲ ਅਤੇ ਸਬਜ਼ੀਆਂ ਕਿਉਂ ਖਰੀਦਦੇ ਸਨ?**

**ਉ.** ਪਿਆਰਾ ਸਿੰਘ ਫਸਲ ਸਬਜ਼ੀਆਂ ਦੇਸੀ ਖਾਦ ਵਰਤ ਕੇ ਉਗਾਉਂਦਾ ਸੀ,ਇਸ ਕਰਕੇ ਲੋਕ ਉਸ ਦੇ ਖੇਤ ਦੀਆਂ ਸਬਜ਼ੀਆਂ ਅਤੇ ਫਸਲ ਖਰੀਦਣਾ ਪਸੰਦ ਕਰਦੇ ਸੀ।

**ਪ੍ਰ.8 ਪਾਣੀ ਦੀ ਘਾਟ ਨੂੰ ਪੂਰਾ ਕਰਨ ਬਾਰੇ ਪਿਆਰਾ ਸਿੰਘ ਦੇ ਕੀ ਵਿਚਾਰ ਸਨ?ਦੱਸੋ।**

**ਉ.** ਪਾਣੀ ਦੀ ਘਾਟ ਨੂੰ ਪੂਰਾ ਕਰਨ ਬਾਰੇ ਪਿਆਰਾ ਸਿੰਘ ਦਾ ਵਿਚਾਰ ਸੀ ਕਿ ਲੋਕਾਂ ਨੂੰ ਵੱਧ ਤੋਂ ਵੱਧ ਦਰਖੱਤ-ਬੂਟੇ ਲਾਉਣੇ ਚਾਹੀਦੇ ਹਨ ਤਾਂ ਕਿ ਪਾਣੀ ਦਾ ਪੱਧਰ ਹੇਠਾਂ ਨਾ ਡਿੱਗੇ।

**ਪ੍ਰ.9 ਪਿੰਡ ਦਾ ਸਰਪੰਚ ਪਿਆਰਾ ਸਿੰਘ ਲਈ ਕੀ ਸੁਨੇਹਾ ਲਿਆਇਆ ਸੀ?**

**ਉ.** ਪਿੰਡ ਦਾ ਸਰਪੰਚ ਪਿਆਰਾ ਸਿੰਘ ਨੂੰ ਸੁਨੇਹਾ ਦਿੰਦੇ ਹੋਏ ਕਹਿਣ ਲੱਗਾ,ਕੱਲ੍ਹ ਨੂੰ ਖੇਤੀ ਮਹਿਕਮੇ ਵਾਲਿਆਂ ਬੰਦਿਆਂ ਨੇ ਕੁਦਰਤੀ ਖੇਤੀ ਕਰਨ ਦੇ ਢੰਗ ਬਾਰੇ ਕਿਸਾਨਾਂ ਨਾਲ ਗੱਲਾਂ ਕਰਨ ਆਉਣਾ ਹੈ। ਉਹਨਾਂ ਨੇ ਤੇਰੇ ਬਾਰੇ ਖਾਸ ਤੌਰ ਤੇ ਪੁੱਛਿਆ ਹੈ।ਤੇਰੀ ਉਹ ਬਹੁਤ ਤਾਰੀਫ ਕਰਦੇ ਸੀ। ਤੂੰ ਦਸ ਵਜੇ ਪੰਚਾਇਤ ਘਰ ਪਹੁੰਚ ਜਾਵੀਂ। ਇਹ ਸੁਣ ਕੇ ਪਿਆਰਾ ਸਿੰਘ ਨੂੰ ਆਪਣੇ ਪਿਤਾ ਅਤੇ ਆਪਣੇ-ਆਪ ਤੇ ਮਾਣ ਮਹਿਸੂਸ ਹੋਣ ਲੱਗਾ।

## ਪਾਠ-8 : ਬਚਿੱਤਰ ਸਿੰਘ ਦੀ ਬਹਾਦਰੀ

ਪ੍ਰ.1 ਦਸਮ – ਪਿਤਾ ਦੇ ਦੁਆਲੇ ਬੈਠੀ ਸੰਗਤ ਕਿਵੇਂ ਲੱਗੀ ਰਹੀ ਸੀ?

ਉ. ਦਸਮ – ਪਿਤਾ ਦੇ ਦੁਆਲੇ ਬੈਠੀ ਸੰਗਤ ਇਸ ਤਰ੍ਹਾਂ ਲੱਗ ਰਹੀ ਸੀ ਜਿਵੇਂ ਕਿ ਚੰਨ ਦੁਆਲੇ ਰਾਤ ਨੂੰ ਤਾਰੇ ਸੋਹਣੇ ਲੱਗਦੇ ਹਨ।

ਪ੍ਰ.2 ਸੂਹੀਏ ਨੇ ਪਹਾੜੀ ਰਾਜਿਆਂ ਦੇ ਪਕਾਏ ਮਤੇ ਬਾਰੇ ਆ ਕੇ ਕੀ ਦੱਸਿਆ?

ਉ. ਸੂਹੀਏ ਨੇ ਪਹਾੜੀ ਰਾਜਿਆਂ ਦੇ ਪਕਾਏ ਮਤੇ ਬਾਰੇ ਦੱਸਿਆ ਕਿ ਉਨ੍ਹਾਂ ਨੇ ਲੋਹਗੜ੍ਹ ਦੇ ਕਿਲ੍ਹੇ ਨੂੰ ਢਾਹੁਣ ਵਾਸਤੇ ਇੱਕ ਕੇਸਰੀ ਹਾਥੀ ਲਿਆਂਦਾ ਹੈ। ਜਿਸ ਦੀ ਸੁੰਡ ਤੇ ਦੋ – ਧਾਰੀ ਤਲਵਾਰ ਬੰਨ ਕੇ, ਉਸ ਨੂੰ ਸ਼ਰਾਬ ਪਿਲਾ ਕੇ ਹਮਲਾ ਕਰਨ ਲਈ ਕਿਲ੍ਹੇ ਵੱਲ ਭੇਜਣਾ ਹੈ।

ਪ੍ਰ.3 ਸੂਹੀਏ ਦੀ ਵਾਰਤਾ ਸੁਣ ਕੇ ਗੁਰੂ ਜੀ ਨੇ ਕੀ ਕਿਹਾ?

ਉ. ਸੂਹੀਏ ਦੀ ਵਾਰਤਾ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਦੁਨੀ ਚੰਦ ਵੱਲ ਵੇਖ ਕੇ ਕਿਹਾ ਕਿ ਜੇ ਮਸਤਿਆ ਹਾਥੀ ਆ ਰਿਹਾ ਹੈ ਤਾਂ ਜੀਅ ਸਦਕੇ ਆਵੇ ਭਾਵ ਸਾਨੂੰ ਡਰਨ ਦੀ ਲੋੜ ਨਹੀਂ ਹੈ।

ਪ੍ਰ.4 ਦੁਨੀ ਚੰਦ ਬਾਰੇ ਸਿੱਖ ਨੇ ਗੁਰੂ ਜੀ ਨੂੰ ਕੀ ਦੱਸਿਆ?

ਉ. ਦੁਨੀ ਚੰਦ ਬਾਰੇ ਸਿੱਖ ਨੇ ਗੁਰੂ ਜੀ ਨੂੰ ਦੱਸਿਆ ਕਿ ਕੱਲ੍ਹ ਦੁਨੀ ਚੰਦ ਕੰਧ ਟੱਪ ਕੇ ਭੱਜਣ ਲੱਗਿਆ ਤਾਂ ਉਸ ਦੀ ਲੱਤ ਟੁੱਟ ਗਈ ਅਤੇ ਉਸ ਦੀ ਸੱਪ ਲੜਨ ਨਾਲ ਮੌਤ ਹੋ ਗਈ।

ਪ੍ਰ.5 ਗੁਰੂ ਜੀ ਨੇ ਬਚਿੱਤਰ ਸਿੰਘ ਨੂੰ ਕੀ ਕਿਹਾ?

ਉ. ਗੁਰੂ ਜੀ ਨੇ ਬਚਿੱਤਰ ਸਿੰਘ ਨੂੰ ਕਿਹਾ ਕਿ ਭਾਵੇਂ ਹਾਥੀ ਦੇ ਸਰੀਰ ਵਿੱਚ ਬਹੁਤ ਜ਼ੋਰ ਹੁੰਦਾ ਹੈ ਪਰ ਸ਼ੇਰ ਨਾਲੋਂ ਫਿਰ ਵੀ ਘੱਟ ਹੁੰਦਾ ਹੈ। ਬਚਿੱਤਰ ਸਿੰਘ ਨੂੰ ਕਿਹਾ ਕਿ ਤੂੰ ਸਾਡਾ ਦੂਲਾ ਸ਼ੇਰ ਹੈ। ਹਾਥੀ ਤੇਰਾ ਮੁਕਾਬਲਾ ਨਹੀਂ ਕਰ ਸਕਦਾ।

ਪ੍ਰ.6 ਬਚਿੱਤਰ ਸਿੰਘ ਨੇ ਰਾਜਾ ਕੇਸਰੀ ਅਤੇ ਉਸਦੀ ਲਸ਼ਕਰ ਨੂੰ ਰਣ ਵਿਚੋਂ ਕਿਵੇਂ ਭਜਾਇਆ?

ਉ. ਬਚਿੱਤਰ ਸਿੰਘ ਨੇ ਹਾਥੀ ਦੇ ਸਿਰ ਵਿੱਚ ਧੂਹ- ਨਾਗਣੀ ਮਾਰੀ। ਜੋ ਹਾਥੀ ਦੇ ਸਿਰ ਉੱਪਰ ਲੱਗੇ ਹੋਏ ਤਵੇ ਨੂੰ ਚੀਰਦੀ ਹੋਈ ਅੰਦਰ ਖੁੱਭ ਗਈ। ਹਾਥੀ ਚੀਕਾ ਮਾਰਦਾ ਵਾਪਸ ਭੱਜ ਗਿਆ। ਇਸ ਤਰ੍ਹਾਂ ਬਚਿੱਤਰ ਸਿੰਘ ਨੇ ਰਣ ਵਿਚੋਂ ਕੇਸਰੀ ਰਾਜੇ ਅਤੇ ਉਸ ਦੀ ਲਸ਼ਕਰ ਫ਼ੌਜ ਨੂੰ ਭਜਾ ਦਿੱਤਾ।

## ਪਾਠ-9 : ਮੇਰੇ ਦਾਦੀ ਜੀ

**ਪ੍ਰ.1 ਸਰੀਰਕ ਪੱਖੋਂ ਦਾਦੀ ਜੀ ਕਿਸ ਤਰ੍ਹਾਂ ਦੇ ਸਨ?**

**ਉ.** ਦਾਦੀ ਜੀ ਦੀ ਤਰਿਆਨਵੇਂ ਵਰ੍ਹੇ ਦੀ ਉਮਰ ਸੀ। ਉਹਨਾਂ ਦਾ ਕੱਦ ਮਸਾਂ ਚਾਰ ਤੇ ਅੱਧਾ ਫੁੱਟ ਸੀ। ਉਹ ਹਮੇਸ਼ਾ ਖੁਸ਼ ਰਹਿੰਦੇ ਸਨ ਤੇ ਉਹਨਾਂ ਦਾ ਸੁਭਾਅ ਬਹੁਤ ਹੀ ਕੋਮਲ ਸੀ।

**ਪ੍ਰ.2 ਦਾਦੀ ਜੀ ਨੂੰ ਕਿਹੜੀ ਗੱਲ ਚੰਗੀ ਨਹੀ ਲੱਗਦੀ?**

**ਉ.** ਦਾਦੀ ਜੀ ਨੂੰ ਘਰ ਆਏ ਮਹਿਮਾਨ ਜਾਂ ਫਕੀਰ ਦਾ ਨਿਰਾਦਰ ਕਰਨਾ ਚੰਗਾ ਨਹੀਂ ਸੀ ਲੱਗਦਾ।

**ਪ੍ਰ.3 ਦਾਦੀ ਜੀ ਦੇ ਪ੍ਰਾਰਥਨਾ ਕਮਰੇ ਵਿੱਚ ਕਿਹੜਾ-ਕਿਹੜਾ ਸਮਾਨ ਪਿਆ ਸੀ?**

**ਉ.** ਦਾਦੀ ਜੀ ਦੇ ਪ੍ਰਾਰਥਨਾ ਕਮਰੇ ਵਿੱਚ ਇੱਕ ਸਾਦੀ ਦਰੀ ਵਿਛੀ ਹੈ।ਉਸ ਵਿਚਕਾਰ ਪਵਿੱਤਰ ਗ੍ਰੰਥ ਸਾਹਿਬ ਬਿਰਾਜਮਾਨ ਹਨ।ਚਾਂਦੀ ਦੇ ਧੂਫਦਾਨ ਵਿੱਚ ਧੂਫ ਧੁੱਖਦੀ ਹੈ।

**ਪ੍ਰ.4 ਮੋਹਿਨੀ ਸ਼ਹਿਜ਼ਾਦੀ ਦੀ ਕਹਾਣੀ ਵਿੱਚ ਮੋਹਿਨੀ ਸ਼ਹਿਜਾਦੀ ਕਿਹੋ-ਜਿਹੀ ਸੀ?**

**ਉ.** ਮੋਹਿਨੀ ਸ਼ਹਿਜ਼ਾਦੀ ਪਰੀ ਵਰਗੀ ਸੁੰਦਰ ਸੀ।ਜਦੋਂ ਉਹ ਹੱਸਦੀ ਸੀ,ਉਸ ਦੇ ਮੂੰਹੋ ਫੁੱਲ ਕਿਰਦੇ ਸਨ, ਉਸ ਦੇ ਮੂੰਹੋ ਕਿਰਿਆ ਹਰੇਕ ਫੁੱਲ ਬੂਟਾ ਬਣ ਜਾਂਦਾ ਸੀ ਇਸ ਤਰ੍ਹਾਂ ਉਸ ਦਾ ਸਾਰਾ ਰਾਜ ਸੋਹਣੇ ਬਾਗਾਂ ਨਾਲ ਭਰਿਆ ਸੀ।

**ਪ੍ਰ.5 ਖੇਤਰੀ ਜਲ-ਪ੍ਰਵਾਹ ਕਰਨ ਤੋਂ ਬਾਅਦ ਦਾਦੀ ਜੀ ਕੰਜਕਾਂ ਲਈ ਕੀ ਕਰਦੇ ਸੀ?**

**ਉ.** ਖੇਤਰੀ ਜਲ - ਪ੍ਰਵਾਹ ਕਰਨ ਤੋਂ ਬਾਅਦ ਦਾਦੀ ਜੀ ਗੁਆਂਢ ਦੀਆਂ ਕੰਜਕਾਂ ਨੂੰ ਘਰ ਬਲਾਉਂਦੇ। ਉਹਨਾਂ ਦੇ ਪੈਰ ਧੋਂਦੇ ਅਤੇ ਉਹਨਾਂ ਅੱਗੇ ਸੀਸ ਝੁਕਾਉਂਦੇ ਸਨ।ਉਹਨਾਂ ਨੂੰ ਆਪਣੇ ਹੱਥੀਂ ਤਿਆਰ ਕਰਕੇ ਖਾਣਾ ਖਵਾਉਂਦੇ ਸਨ।

**ਪ੍ਰ.6 ਹਰ ਰੋਜ਼ ਸਵੇਰੇ,ਸ਼ਾਮ ਅਤੇ ਰਾਤ ਵੇਲੇ ਦਾਦੀ ਜੀ ਕੀ ਕਰਦੇ ਹਨ?**

**ਉ.** ਉਹ ਹਰ ਰੋਜ਼ ਚੜ੍ਹਦੇ ਸੂਰਜ ਅਤੇ ਸ਼ਾਮ ਨੂੰ ਨੀਲੇ ਅਕਾਸ਼ ਨੂੰ ਮੱਥਾ ਟੇਕਦੇ ਸਨ।ਰਾਤੀ ਕਦੀ ਚੰਨ ਨੂੰ ਕਦੇ ਧਰੂ ਤਾਰੇ ਨੂੰ ਹੱਥ ਜੋੜਦੇ ਕਹਿੰਦੇ ਸਨ ਇਹ ਧਰੂ ਸਤਿ ਵਾਂਗ ਅਟੱਲ ਖੜੋਤਾ ਹੈ।

**ਪ੍ਰ.7 ਦਾਦੀ ਜੀ ਦੇ ਅੰਤਿਮ ਸਮੇਂ ਦਾ ਵਰਨਣ ਆਪਣੇ ਸ਼ਬਦਾਂ ਵਿੱਚ ਕਰੋ।**

**ਉ.** ਦਾਦੀ ਜੀ ਸੌ ਵਰ੍ਹੇ ਦੀ ਉਮਰ ਭੋਗ ਕੇ ਪੂਰੇ ਹੋ ਗਏ।ਪੂਰੇ ਹੋਣ ਤੋਂ ਅਖੀਰਲਾ ਇੱਕ ਮਹੀਨਾ ਇਹ ਮੰਜੇ ਤੇ ਪਏ ਪਰ ਉਹਨਾਂ ਨੇ ਆਪਣੀ ਪੀੜ ਦਾ ਭਾਰ ਕਿਸੇ ਤੇ ਨਹੀਂ ਪਾਇਆ,ਜਦੋਂ ਕਿਸੇ ਹਾਲ ਪੁੱਛਿਆ, ਉਹਨਾਂ ਨੇ ਹੱਸ ਕੇ ਚੰਗਾ ਹੀ ਆਖਿਆ।

**ਪ੍ਰ.8 ਮੇਰੇ ਦਾਦੀ ਜੀ ਇਨਸਾਨੀ ਦਿਲਾਂ ਦੀ ਬੈਂਕ ਸੀ, ਕਿਵੇਂ?**

**ਉ.** ਦਾਦੀ ਜੀ ਦੀ ਫੂਹੜੀ ਉੱਤੇ ਕਈਆਂ ਨੇ ਉਹਨਾਂ ਨੂੰ ਉਹ ਗੱਲਾਂ ਦੱਸੀਆਂ,ਜਿਹੜੀਆਂ ਉਹਨਾਂ ਨੇ ਆਪਣੇ ਘਰਦਿਆਂ ਨਾਲ ਨਹੀਂ ਸਨ ਕੀਤੀਆਂ।ਹਰ ਕਿਸੇ ਦਾ ਖਿਆਲ ਸੀ, ਬੇਬੇ ਦੇ ਭੇਤ,ਬੇਬੇ ਨੇ ਆਪਣੇ ਜ਼ਿਹਨ ਵਿੱਚ ਸਾਂਭੇ ਹੋਏ ਹਨ ਪਰ ਫੂਹੜੀ ਉੱਤੇ ਜਦੋਂ ਤੇਰ੍ਹਾਂ ਦਿਨ ਹਰ ਕਿਸੇ ਨੇ ਆਪਣੀਆਂ ਯਾਦਾਂ ਨੰਗੀਆਂ ਕਰ ਵਿਖਾਈਆਂ ਤਾਂ ਮੈਨੂੰ ਜਾਪਿਆ,ਉਹ ਦਾਦੀ ਮੇਰੀ ਹੀ ਨਹੀਂ ਸਗੋਂ ਉਹ ਇਨਸਾਨੀ ਦਿਲਾਂ ਦਾ ਬੈਂਕ ਸੀ।

## ਪਾਠ-10 ਸ਼ੇਰਨੀਆਂ

**ਪ੍ਰ.1 ਲੇਖਕ ਨੇ ਇੱਕਲਿਆਂ ਸੈਰ ਕਰਨ ਜਾਣ ਦਾ ਫੈਸਲਾ ਕਿਉਂ ਕੀਤਾ?**

**ਉ.** ਲੇਖਕ ਦੀ ਪਤਨੀ ਆਪਣੇ ਛੋਟੇ ਬੱਚੇ ਨੂੰ ਸੁਲਾ ਰਹੀ ਸੀ ਇਸ ਲਈ ਲੇਖਕ ਨੇ ਇੱਕਲਿਆਂ ਸੈਰ ਕਰਨ ਜਾਣ ਦਾ ਫੈਸਲਾ ਕੀਤਾ।

**ਪ੍ਰ.2 ਪਾਠ ਵਿੱਚ ਦਰਸਾਏ ਸੈਰ ਕਰਨ ਵਾਲੇ ਪਾਰਕ ਦਾ ਵਰਨਣ ਕਰੋ।**

**ਉ.**ਪਾਰਕ ਬਹੁਤ ਵੱਡੀ ਸੀ।ਹੇਠਾਂ ਸਾਫ-ਪੱਧਰੀ ਜ਼ਮੀਨ ਤੇ ਘਾਹ ਉਗਾਇਆ ਹੋਇਆ ਸੀ 'ਤੇ ਆਲ਼ੇ-ਦੁਆਲ਼ੇ ਤਾਰ ਲੱਗੀ ਹੋਈ ਸੀ।ਲੰਘਣ ਲਈ ਵਿੱਚ-ਵਿੱਚ,ਕਿਤੇ-ਕਿਤੇ ਖੱਪੇ ਛੱਡੇ ਹੋਏ ਸਨ। ਇੱਕ ਪਾਸੇ ਸੜਕ ਲੰਘਦੀ ਸੀ ਜਿਸ 'ਤੇ ਜਗ ਰਹੀਆਂ ਬੱਤੀਆਂ ਪਾਰਕ ਵਿੱਚ ਚਾਨਣ ਸੁੱਟਦੀਆਂ ਸਨ।ਇਸ ਤਰ੍ਹਾਂ ਪਾਰਕ ਵਿੱਚ ਏਨਾ ਕੁ ਚਾਨਣ ਸੀ, ਜਿੰਨਾ ਅੱਠਾਂ ਕੁ ਦਿਨਾਂ ਦੇ ਚੰਦ ਦਾ ਹੁੰਦਾ ਏ ਤੇ ਸੜਕ ਦੇ ਕੰਢੇ ਉਤਲੇ ਦਰੱਖਤਾਂ ਦੇ ਲੰਮੇ-ਲੰਮੇ ਪਰਛਾਂਵੇ ਪਾਰਕ ਵਿੱਚ ਡਿੱਗਦੇ ਸਨ ਤੇ ਕਈ ਥਾਂਵਾਂ' ਤੇ ਹਨ੍ਹੇਰਾ ਕਰ ਰਹੇ ਸਨ।

**ਪ੍ਰ.3 ਕੁੜੀਆਂ ਪਾਰਕ ਵਿੱਚ ਰਾਤ ਵੇਲੇ ਸਾਈਕਲ ਚਲਾਉਣਾ ਕਿਉਂ ਸਿੱਖ ਰਹੀਆਂ ਸਨ?**

**ਉ.** ਕੁੜੀਆਂ ਵੱਡੀਆਂ ਹੋਣ ਕਰਕੇ ਉਹਨਾਂ ਨੂੰ ਦਿਨ ਵੇਲੇ ਸਾਈਕਲ ਚਲਾਉਣ ਵਿੱਚ ਸੰਗ ਲੱਗਦੀ ਸੀ ਇਸ ਕਰਕੇ ਉਹ ਮੂੰਹ ਹਨ੍ਹੇਰੇ (ਘੁਸਮੁਸੇ) ਵਿੱਚ ਸਾਈਕਲ ਚਲਾਉਣਾ ਸਿੱਖ ਰਹੀਆਂ ਸਨ।ਇਸ ਦਾ ਦੂਸਰਾ ਕਾਰਨ ਉਹਨਾਂ ਦਾ ਦਿਨ ਵੇਲੇ ਨੌਕਰੀ ਕਰਨਾ ਸੀ।

**ਪ੍ਰ.4 ਇਸ ਕਹਾਣੀ ਵਿੱਚ ਲੜਕੀਆਂ ਨੂੰ 'ਸ਼ੇਰਨੀਆਂ' ਕਿਉਂ ਕਿਹਾ ਗਿਆ ਹੈ?**

**ਉ.** ਦੋਨੋ ਜਵਾਨ ਕੁੜੀਆਂ ਪਹਿਲਾਂ ਤਾਂ ਪਿੰਡ ਦਾ ਸੁੰਨਾ ਰਾਹ ਪਾਰ ਕਰਦੀਆਂ ਫਿਰ ਰਾਤ ਨੂੰ ਸਾਈਕਲ ਸਿੱਖਦੀਆਂ, ਉਹ ਕਿਸੇ ਮੁਸੀਬਤ ਤੋਂ ਡਰਦੀਆਂ ਨਹੀਂ ਸਨ।ਸਗੋਂ ਹਰੇਕ ਔਕੜ ਦਾ ਡਟ ਕੇ ਮੁਕਾਬਲਾ ਕਰਦੀਆਂ ਸਨ ਇਸ ਕਰਕੇ ਉਹਨਾਂ ਨੂੰ ਸ਼ੇਰਨੀਆਂ ਕਿਹਾ ਗਿਆ ਹੈ।

**ਪ੍ਰ.5 ਲੇਖਕ ਦੀ ਪਤਨੀ ਨਾਲ ਫਿਰੋਜ਼ਪੁਰ ਵਿਖੇ ਕਿਹੜੀ ਘਟਨਾ ਵਾਪਰੀ?**

**ਉ.** ਇੱਕ ਵਾਰੀ ਲੇਖਕ ਦੀ ਪਤਨੀ ਤੇ ਉਸ ਦੀ ਭੈਣ ਫਿਰੋਜ਼ਪੁਰ ਆਪਣੇ ਘਰ ਅੱਗੇ ਘੁਸਮੁਸੇ ਵਿੱਚ ਫਿਰ ਰਹੀਆਂ ਸਨ।ਸਾਹਮਣੇ ਕਾਹਲੀ-ਕਾਹਲੀ ਤੁਰਦੀ ਇੱਕ ਕੁੜੀ ਆਈ ਉਹ ਕਦੇ ਭੱਜ ਲੈਂਦੀ ਤੇ ਕਦੇ ਤੁਰਨ ਲੱਗਦੀ। ਜਦੋਂ ਉਹ ਸਾਡੇ ਨੇੜੇ ਆਈ ਤਾਂ ਸਾਨੂੰ ਉਹ ਮੂੰਹ ਤੋਂ ਘਬਰਾਈ ਹੋਈ ਜਾਪੀ। ਅਸੀਂ ਸੋਚਿਆ ਕਿ ਉਹ ਕਿੱਥੇ ਜਾਂਦੀ ਹੋਵੇਗੀ।ਫਿਰ ਅਸੀਂ ਉਸ ਦਾ ਪਿੱਛਾ ਕਰਨ ਲੱਗੀਆਂ। ਉਹ ਟੈਲੀਫੋਨ ਐਕਸਚੇਂਜ ਵਿੱਚ ਪਹੁੰਚ ਗਈ ਅਤੇ ਜਾਕੇ ਕੁਰਸੀ ਉੱਪਰ ਬੈਠ ਗਈ।ਅਸੀਂ ਸਮਝ ਗਈਆਂ ਕਿ ਉਹ ਉੱਥੇ ਨੌਕਰੀ ਕਰਦੀ ਹੈ ਪਰ ਬਾਅਦ ਵਿੱਚ ਅਸੀਂ ਬਹੁਤ ਸ਼ਰਮਿੰਦਾ ਹੋਈਆਂ।

## ਪਾਠ-11 ਬਾਬਾ ਬੰਦਾ ਸਿੰਘ ਬਹਾਦਰ

**ਪ੍ਰ.1 ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ 'ਇੱਟ ਨਾਲ ਖੜਕਾਉਣ ਵਾਲਾ ਮੁਹਾਵਰਾ ਹਮੇਸ਼ਾ ਨਾਲ ਕਿਉਂ ਜੁੜ ਗਿਆ?**

**ਉ.** ਪੰਜਾਬੀ ਦਾ ਇਹ ਮੁਹਾਵਰਾ ਹੈ, 'ਇੱਟ ਨਾਲ ਇੱਟ ਖੜਕਾਉਣਾ' ਆਪ ਤੌਰ ਤੇ ਬੰਦਾ ਬਹਾਦਰ ਦੀ ਸੂਬਾ ਸਰਹਿੰਦ ਉੱਤੇ ਜਿੱਤ ਨੂੰ ਦੱਸਣ ਲਈ ਵਰਤਿਆ ਜਾਂਦਾ ਹੈ।

**ਪ੍ਰ.2 ਬਾਬਾ ਬੰਦਾ ਸਿੰਘ ਬਹਾਦਰ ਦੇ ਬਚਪਨ ਬਾਰੇ ਦੱਸੋ।**

**ਉ.** ਬੰਦਾ ਬਹਾਦਰ ਦਾ ਬਚਪਨ ਦਾ ਨਾਂ ਲਛਮਣ ਦੇਵ ਸੀ। ਉਸ ਦਾ ਪਿਤਾ ਰਾਮਦੇਵ ਇੱਕ ਗਰੀਬ ਕਿਸਾਨ ਸੀ। ਪੜ੍ਹਾਉਣ ਦਾ ਕੋਈ ਸਾਧਨ ਨਾ ਹੋਣ ਕਾਰਨ ਉਹ ਆਪਣੇ ਪਿਤਾ ਨਾਲ ਖੇਤੀ ਦੇ ਕੰਮ ਵਿੱਚ ਹੱਥ ਵਟਾਉਂਦਾ ਸੀ।ਜਦ ਵੀ ਵਿਹਲ ਮਿਲਦੀ ਉਹ ਤੀਰ-ਕਮਾਨ ਚੁੱਕਦਾ ਅਤੇ ਸ਼ਿਕਾਰ ਖੇਡਣ ਚਲਾ ਜਾਂਦਾ।

**ਪ੍ਰ.3 ਉਹ ਕਿਹੜੀ ਘਟਨਾ ਸੀ, ਜਿਸ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਨੂੰ ਬਦਲ ਦਿੱਤਾ ਸੀ?**

**ਉ.** ਉਹ ਇੱਕ ਨਦੀ ਦੇ ਕਿਨਾਰੇ ਸ਼ਿਕਾਰ ਖੇਡ ਰਿਹਾ ਸੀ ਕਿ ਸਾਮ੍ਹਣਿਉਂ ਇੱਕ ਹਿਰਨੀ ਲੰਘੀ।ਲੱਛਮਣ ਦੇਵ ਨੇ ਝੱਟ ਇੱਕ ਸ਼ੂਕਦਾ ਤੀਰ ਛੱਡਿਆ। ਹਿਰਨੀ ਬੁਰੀ ਤਰ੍ਹਾਂ ਜਖਮੀ ਹੋ ਕੇ ਉਸ ਦੀਆਂ ਅੱਖਾਂ ਸਾਹਮਣੇ ਤੜਫ - ਤੜਫ ਕੇ ਮਰ ਗਈ।ਨਾਲ ਹੀ ਉਸ ਦੇ ਛੱਲਣੀ ਹੋਏ ਪੇਟ ਵਿੱਚੋਂ ਦੋ ਬੱਚੇ ਨਿਕਲੇ। ਉਹ ਵੀ ਉਸ ਦੀਆਂ ਅੱਖਾਂ ਸਾਮ੍ਹਣੇ ਦਮ ਤੋੜ ਗਏ। ਇਸ ਘਟਨਾ ਦਾ ਲੱਛਮਣ ਦੇਵ ਦੇ ਮਨ ਉੱਤੇ ਡੂੰਘਾ ਅਸਰ ਪਿਆ।ਉਸ ਦਿਨ ਤੋਂ ਉਸਨੇ ਸ਼ਿਕਾਰ ਖੇਡਣਾ ਬੰਦ ਕਰ ਦਿੱਤਾ।

**ਪ੍ਰ.4 ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਅਨੁਸਾਰ ਕੁਰਬਾਨੀ ਦੇਣ ਲਈ ਬਾਬਾ ਬੰਦਾ ਸਿੰਘ ਬਹਾਦਰ ਦੇ ਤਿਆਰ ਹੋਣ ਦਾ ਕੀ ਕਾਰਨ ਸੀ?**

**ਉ.** ਮਾਧੋ ਦਾਸ ਗੁਰੂ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੂੰ ਗੁਰੂ ਜੀ ਤੋਂ ਉਹਨਾਂ ਦੇ ਪਿਤਾ, ਮਾਤਾ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਿਆ। ਇਹ ਸਭ ਬਾਰੇ ਸੁਣ ਕੇ ਉਸ ਦਾ ਰੋਹ ਜਾਗ ਉੱਠਿਆ। ਉਹ ਗੁਰੂ ਜੀ ਦੀ ਆਗਿਆਾ ਅਨੁਸਾਰ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਗਿਆ।

**ਪ੍ਰ.5 ਬਾਬਾ ਬੰਦਾ ਸਿੰਘ ਬਹਾਦਰ ਲੋਕਾਂ ਵਿੱਚ ਬਾਬਾ ਬੰਦਾ ਬਹਾਦਰ ਦੇ ਨਾਂ ਨਾਲ ਕਿਉਂ ਪ੍ਰਸਿੱਧ ਹੋਇਆ?**

**ਉ.** ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਦੱਖਣੀ ਭਾਰਤ ਤੋਂ ਪੰਜਾਬ ਵੱਲ ਕੂਚ ਕੀਤਾ ਤਾਂ ਰਸਤੇ ਵਿੱਚ ਅੱਤਿਆਚਾਰੀ ਹਾਕਮਾਂ ਉੱਤੇ ਧਾਵੇ ਕੀਤੇ ਅਤੇ ਫਤਹਿ ਪ੍ਰਾਪਤ ਕੀਤੀ।ਲੰਮੇ ਸਮੇਂ ਤੋਂ ਜਬਰ ਦੇ ਸਤਾਏ ਲੋਕਾਂ ਨੇ ਸੁੱਖ ਦਾ ਸਾਹ ਲਿਆ ਇਸੇ ਕਾਰਨ ਉਹ ਲੋਕਾਂ ਵਿੱਚ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ।

**ਪ੍ਰ.6 ਪੰਜਾਬੀਆਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਹਰਮਨ-ਪਿਆਰੇ ਹੋਣ ਦਾ ਕੀ ਕਾਰਨ ਸੀ?**

**ਉ.** ਜ਼ਾਲਮ ਹਾਕਮਾਂ ਨੂੰ ਉਹਨਾਂ ਦੀਆਂ ਵਧੀਕੀਆਂ ਦੀ ਸਜ਼ਾ ਦੇਣ ਨਾਲ ਬੰਦਾ ਬਹਾਦਰ ਪੰਜਾਬੀਆਂ ਵਿੱਚ ਬਹੁਤ ਹਰਮਨ-ਪਿਆਰਾ ਹੋ ਗਿਆ।ਉਸਦੇ ਇਨਸਾਫ-ਪਸੰਦ ਅਤੇ ਗਰੀਬਾਂ ਦੇ ਹਰਮਦਰਦ ਹੋਣ ਕਾਰਨ ਉਹ ਹਰ ਆਮ ਮਨੁੱਖ ਲਈ ਆਸ ਦੀ ਕਿਰਨ ਬਣ ਗਿਆ ਸੀ।ਉਸ ਨੇ ਇਲਾਕਿਆਂ ਦੀ ਜਿੱਤ ਨਾਲੋਂ ਵੱਧ ਸਧਾਰਨ ਲੋਕਾਂ ਦੇ ਦਿਲ ਜਿੱਤ ਲਏ।

**ਪ੍ਰ.7 ਬਾਬਾ ਬੰਦਾ ਸਿੰਘ ਬਹਾਦਰ ਨੂੰ ਕਿਵੇਂ ਸ਼ਹੀਦ ਕੀਤਾ ਗਿਆ।**

**ਉ.** ਉਹਨਾਂ ਨੂੰ ਅਨੇਕਾਂ ਤਰ੍ਹਾਂ ਦੇ ਤਸੀਹੇ ਦਿੱਤੇ ਗਏ।ਉਹਨਾਂ ਦੇ ਸਾਥੀ ਕਤਲ ਕਰ ਦਿੱਤੇ ਗਏ।ਬੰਦਾ ਬਹਾਦਰ ਨੂੰ 9 ਜੂਨ,1916 ਈ: ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ ਗਿਆ।

**ਪ੍ਰ.8 ਬਾਬਾ ਬੰਦਾ ਸਿੰਘ ਨਾਲ ਸੰਬੰਧਿਤ ਯਾਦਗਰਾਂ ਬਾਰੇ ਦੱਸੋ।**

**ਉ.** ਫਤਹਿਗੜ੍ਹ ਸਾਹਿਬ ਵਿਖੇ ਇਸ ਵੀਰ ਪੁਰਖ ਦੀ ਯਾਦ ਵਿੱਚ 'ਬਾਬਾ ਬੰਦਾ ਸਿੰਘ ਬਹਾਦਰ ਗੇਟ' ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੁਆਰਾ 'ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਚੱਪੜਚਿੜੀ ਸਥਾਨ ਉੱਤੇ 328 ਫੁੱਟ ਉੱਚਾ 'ਫਤਹਿ ਬੁਰਜ ਆਦਿ ਯਾਦਗਰਾਂ ਬਣਾਈਆਂ ਗਈਆਂ।

## ਪਾਠ-12 ਸ਼ਾਬਾਸ਼! ਸੁਮਨ!

**ਪ੍ਰ.1 ਗਰਮੀਆਂ ਦੇ ਮੌਸਮ ਵਿੱਚ ਪਹਾੜਾਂ ਉੱਤੇ ਸੈਲਾਨੀਆਂ ਦੀ ਭਰਮਾਰ ਕਿਉਂ ਹੁੰਦੀ ਹੈ?**

**ਉ.** ਗਰਮੀਆਂ ਵਿੱਚ ਪਹਾੜਾਂ ਦਾ ਮੌਸਮ ਸੁਹਾਵਣਾ ਅਤੇ ਠੰਢਾ ਹੋਣ ਕਰਕੇ ਉੱਥੇ ਸੈਲਾਨੀਆਂ ਦੀ ਭਰਮਾਰ ਹੁੰਦੀ ਹੈ।

**ਪ੍ਰ.2 ਕਰਨ ਅਤੇ ਸੁਮਨ ਨੇ ਦੂਰਬੀਨ ਨਾਲ ਕੀ ਕੁਝ ਦੇਖਿਆ?**

**ਉ.** ਕਰਨ ਅਤੇ ਸੁਮਨ ਨੇ ਦੂਰਬੀਨ ਨਾਲ ਪਹਾੜਾਂ ਦੇ ਨਜਾਰੇ, ਚਿੱਟੇ-ਕਾਲੇ ਭੱਜਦੇ ਬੱਦਲ, ਤਰ੍ਹਾਂ-ਤਰ੍ਹਾਂ ਦੇ ਬਿਰਖ ਅਤੇ ਪੰਛੀ ਦੇਖੇ।

**ਪ੍ਰ.3 ਪਹਾੜ ਤੋਂ ਹੇਠਾਂ ਉੱਤਰਦਿਆਂ ਕਰਨ ਅਤੇ ਸੁਮਨ ਨੇ ਕੀ ਦੇਖਿਆ?**

**ਉ.** ਪਹਾੜ ਤੋਂ ਹੇਠਾਂ ਉਤਰਦਿਆਂ ਕਰਨ ਅਤੇ ਸੁਮਨ ਨੇ ਦੇਖਿਆ ਕੁਝ ਲੋਕ ਕਬੂਤਰਾਂ ਨੂੰ ਦਾਣੇ ਪਾ ਰਹੇ ਸਨ ਅਤੇ ਕਬੂਤਰ ਚੁਗ ਰਹੇ ਹਨ, ਕਰਨ ਅਤੇ ਸੁਮਨ ਨੂੰ ਇਹ ਸਭ ਦੇਖ ਕੇ ਬਹੁਤ ਚੰਗਾ ਲੱਗਿਆ ਪਰ ਥੋੜ੍ਹਾ ਅੱਗੇ ਆ ਕੇ ਜਦੋਂ ਉਹਨਾਂ ਨੇ ਇੱਕ ਤੋਤੇ ਨੂੰ ਪਿੰਜਰੇ ਵਿੱਚ ਬੰਦ ਦੇਖਿਆ ਉਦੋਂ ਉਹਨਾਂ ਨੂੰ ਬਹੁਤ ਦੁੱਖ ਹੋਇਆ।

**ਪ੍ਰ.4 ਤੋਤੇ ਨੂੰ ਪਿੰਜਰੇ ਵਿੱਚ ਬੰਦ ਦੇਖ ਕੇ ਸੁਮਨ ਕੀ ਮਹਿਸੂਸ ਕਰ ਰਹੀ ਸੀ?**

**ਉ.** ਤੋਤੇ ਨੂੰ ਪਿੰਜਰੇ ਵਿੱਚ ਬੰਦ ਦੇਖ ਕੇ ਸੁਮਨ ਨੂੰ ਬਹੁਤ ਦੁੱਖ ਹੋ ਰਿਹਾ ਸੀ ਉਹ ਮਹਿਸੂਸ ਕਰ ਰਹੀ ਸੀ ਕਿ ਪੰਛੀਆਂ ਦੀ ਜਗ੍ਹਾ ਖੁੱਲੇ ਆਸਮਾਨ ਵਿੱਚ ਉੱਡਣ ਦੀ ਹੈ ਨਾ ਕਿ ਪਿੰਜਰੇ ਵਿੱਚ ਬੰਦ ਰਹਿਣ ਦੀ।

**ਪ੍ਰ.5 ਖਿਡੌਣਿਆਂ ਵਾਲਾ ਬੱਚਿਆਂ ਨੂੰ ਕਿਹੜੇ-ਕਿਹੜੇ ਖਿਡੌਣੇ ਦਿਖਾ ਰਿਹਾ ਸੀ?**

**ਉ.** ਖਿਡੌਣਿਆਂ ਵਾਲਾ ਬੱਚਿਆਂ ਨੂੰ ਘੋੜਾ,ਹਾਥੀ,ਸ਼ੇਰ,ਵਰਦੀ ਵਾਲਾ ਫੌਜੀ, ਟੋਪੀ ਵਾਲਾ ਨੇਤਾ, ਚਾਬੀ ਵਾਲਾ ਬਾਂਦਰ, ਹਲ ਚੁੱਕੀ ਜਾਂਦਾ ਕਿਸਾਨ, ਮਿੱਠੂ ਰਾਮ ਤੋਤਾ ਆਦਿ ਖਿਡੌਣੇ ਦਿਖਾ ਰਿਹਾ ਸੀ।

**ਪ੍ਰ.6 ਸੁਮਨ ਖਿਡੌਣੇ ਕਿਉਂ ਨਹੀਂ ਸੀ ਖਰੀਦਣਾ ਚਾਹੁੰਦੀ?**

**ਉ.** ਸੁਮਨ ਪਿੰਜਰੇ ਵਾਲਾ ਅਸਲ ਤੋਤਾ ਖਰੀਦਣਾ ਚਾਹੁੰਦੀ ਸੀ ਇਸ ਕਰਕੇ ਉਹ ਦੂਸਰੇ ਖਿਡੌਣੇ ਨਹੀਂ ਸੀ ਖਰੀਦਣਾ ਚਾਹੁੰਦੀ।

**ਪ੍ਰ.7 ਸੁਮਨ ਤੋਤੇ ਨੂੰ ਹੀ ਕਿਉਂ ਖਰੀਦਣਾ ਚਾਹੁੰਦੀ ਸੀ?**

**ਉ.** ਸੁਮਨ ਤੋਤੇ ਨੂੰ ਇਸ ਕਰਕੇ ਖਰੀਦਣਾ ਚਾਹੁੰਦੀ ਸੀਂ ਤਾਂ ਕਿ ਉਹ ਤੋਤੇ ਨੂੰ ਅਜ਼ਾਦ ਕਰ ਸਕੇ।

**ਪ੍ਰ.8 ਸੁਮਨ ਦੇ ਪਿਤਾ ਜੀ ਨੇ 'ਸ਼ਾਬਾਸ਼!ਸੁਮਨ!' ਕਿਉਂ ਕਿਹਾ?**

**ਉ.** ਜਦੋਂ ਸੁਮਨ ਨੇ 500 ਰੁਪਏ ਦਾ ਤੋਤਾ ਖਰੀਦ ਕੇ ਉਸ ਨੂੰ ਖੁੱਲ੍ਹੇ ਆਸਮਾਨ ਵਿੱਚ ਉਡਾ ਦਿੱਤਾ ਅਤੇ ਕਿਹਾ ਪੰਛੀਆਂ ਦੀ ਜਗ੍ਹਾ ਆਸਮਾਨ ਵਿੱਚ ਉੱਡਣ ਦੀ ਹੈ ਨਾ ਕਿ ਪਿੰਜਰੇ ਬੰਦ ਰਹਿਣ ਦੀ। ਇਹ ਸੁਣ ਕੁ ਸੁਮਨ ਦੇ ਪਿਤਾ ਨੇ ਉਸ ਦੀ ਵਧੀਆ ਸੋਚ ਦੀ ਕਦਰ ਕੀਤੀ ਅਤੇ ਸੁਮਨ ਨੂੰ ਸ਼ਾਬਾਸ਼ ਦਿੱਤੀ।

## ਪਾਠ-14 ਕਰਤਾਰ ਸਿੰਘ ਸਰਾਭਾ

**ਪ੍ਰ.1 ਕਰਤਾਰ ਸਿੰਘ ਸਰਾਭਾ ਦੇ ਜਨਮ ਅਤੇ ਬਚਪਨ ਬਾਰੇ ਦੱਸੋ।**

**ਉ.** ਕਰਤਾਰ ਸਿੰਘ ਦਾ ਜਨਮ ਸੰਨ 1896 ਈ: ਵਿੱਚ ਸ: ਮੰਗਲ ਸਿੰਘ ਤੇ ਘਰ ਹੋਇਆ। ਆਪ ਦਾ ਜਨਮ ਲੁਧਿਆਣਾ-ਰਾਏਕੋਟ ਸੜਕ ਉੱਤੇ ਸਥਿਤ ਸਰਾਭਾ ਪਿੰਡ ਵਿੱਚ ਹੋਇਆ।ਆਪ ਦੇ ਪਿਤਾ ਦਾ ਦੇਹਾਂਤ ਬਚਪਨ ਵਿੱਚ ਹੋਣ ਕਾਰਨ ਆਪ ਦਾ ਪਾਲਣ ਪੋਸ਼ਣ ਆਪ ਦੇ ਦਾਦਾ ਬਚਨ ਸਿੰਘ ਨੇ ਕੀਤਾ ਸੀ।

**ਪ੍ਰ.2 ਕਰਤਾਰ ਸਿੰਘ ਸਰਾਭਾ ਨੇ ਮੁੱਢਲੀ ਵਿੱਦਿਆ ਕਿੱਥੋਂ ਹਾਸਲ ਕੀਤੀ?**

**ਉ.** ਕਰਤਾਰ ਸਿੰਘ ਸਰਾਭਾ ਨੇ ਮੁੱਢਲੀ ਵਿੱਦਿਆ ਪਿੰਡ ਵਿੱਚ ਹੀ ਪ੍ਰਾਪਤ ਕੀਤੀ।ਮਾਲਵਾ ਹਾਈ ਸਕੂਲ ਲੁਧਿਆਣਾ ਤੋਂ ਅੱਠਵੀਂ ਅਤੇ 1910 ਈ: ਵਿੱਚ ਮਿਸ਼ਨ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਇਸ ਤੋਂ ਇੱਕ ਸਾਲ ਬਾਅਦ ਉਹ ਦਾਦੇ ਨੂੰ ਕਹਿ ਕੇ ਉਚੇਰੀ ਪੜ੍ਹਾਈ ਲਈ ਅਮਰੀਕਾ ਚਲਾ ਗਿਆ ਅਤੇ ਉੱਥੇ ਉਸ ਨੇ ਬਰਕਲੇ ਯੂਨੀਵਰਸਿਟੀ ਸਾਨਫਰਾਂਸਿਸਕੋ ਵਿੱਚ ਦਾਖਲਾ ਲੈ ਲਿਆ।

**ਪ੍ਰ.3 ਅਮਰੀਕਾ ਵਿੱਚ ਵੱਸਦੇ ਹਿੰਦੁਸਤਾਨੀਆਂ ਨੂੰ ਕਿਹੜੀਆਂ-ਕਿਹੜੀਆਂ ਔਕੜਾਂ ਦਾ ਸਾਮ੍ਹਣਾ ਕਰਨਾ ਪਿਆ?**

**ਉ.** ਅਮਰੀਕਾ ਵਿੱਚ ਵੱਸਦੇ ਹਿੰਦੁਸਤਾਨੀਆਂ ਨੂੰ ਦੋ ਵੱਡੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਪਹਿਲੀ ਵੱਡੀ ਔਕੜ (ਮੁਸੀਬਤ) ਇਹ ਸੀ ਕਿ ਅਮਰੀਕਾ ਅਤੇ ਕਨੇਡਾ ਦੀ ਸਰਕਾਰ ਭਾਰਤੀ ਨਾਗਰਿਕਾਂ ਨੂੰ ਉੱਥੋਂ ਦੀ ਨਾਗਰਿਕਤਾ ਨਹੀਂ ਦੇ ਰਹੀ ਸੀ ।ਦੂਸਰੀ ਵੱਡੀ ਔਕੜ ਇਹ ਸੀ ਕਿ ਭਾਰਤੀ ਨਾਗਰਿਕਾਂ ਨੂੰ ਘੱਟ ਮਜ਼ਦੂਰੀ ਤੇ ਕੰਮ ਕਰਨਾ ਪੈਂਦਾ ਸੀ।

**ਪ੍ਰ.4 ਗ਼ਦਰ ਲਹਿਰ ਦੀ ਨੀਂਹ ਕਦੋਂ ਰੱਖੀ ਗਈ?ਕਰਤਾਰ ਸਿੰਘ ਸਰਾਭਾ ਦੀ ਜੀਵਨੀ ਦੇ ਆਧਾਰ' ਤੇ ਦੱਸੋ ਕਿ ਇਸ ਦੇ ਪ੍ਰਚਾਰ ਲਈ ਕੀ-ਕੀ ਯਤਨ ਕੀਤੇ ਗਏ?**

**ਉ.** ਗ਼ਦਰ ਲਹਿਰ ਦੀ ਸ਼ੁਰੂਆਤ ਕਰਤਾਰ ਸਿੰਘ ਨੇ 18 ਕੁ ਸਾਲ ਦੀ ਉਮਰ ਵਿੱਚ ਕੀਤੀ।ਇਸ ਦੇ ਪ੍ਰਚਾਰ ਲਈ ਉਸ ਨੇ ਗਦਰ ਨਾਂ ਦਾ ਇੱਕ ਹਫਤਾਵਰੀ ਅਖਬਾਰ ਕੱਢਿਆ,ਇਸ ਅਖਬਾਰ ਦੀ ਕਮੇਟੀ ਦੇ ਮੁੱਖੀ ਲਾਲਾ ਹਰਦਿਆਲ,ਕਰਤਾਰ ਸਿੰਘ ਸਰਾਭਾ ਅਤੇ ਰਘੂਬਰ ਦਿਆਲ ਗੁਪਤਾ ਸਨ। ਇਸ ਤਰ੍ਹਾਂ ਗਦਰ ਪਾਰਟੀ ਨੇ ਬਹੁਤ ਸਾਰੇ ਨੌਜਵਾਨਾਂ ਨੂੰ ਹਥਿਆਰ ਚਲਾਉਣ ਦੀ ਸਿੱਖਿਆ ਦਿੱਤੀ।ਗਦਰ ਪਾਰਟੀ ਦੇ ਪ੍ਰਚਾਰ ਦਾ ਮੁੱਖ ਆਧਾਰ ਗਦਰ ਅਖਬਾਰ ਸੀ।

**ਪ੍ਰ.5 ਮੀਆਂ ਮੀਰ ਤੇ ਫਿਰੋਜਪੁਰ ਛਾਉਣੀਆਂ ਦੇ ਮੈਗਜ਼ੀਨਾਂ ਉੱਤੇ ਹਮਲੇ ਲਈ ਗ਼ਦਰ ਪਾਰਟੀ ਵੱਲੋਂ ਕਿਹੜੀ ਤਾਰੀਖ ਮਿੱਥੀ ਗਈ ਅਤੇ ਇਹ ਤਾਰੀਖ ਅੱਗੇ ਕਿਉਂ ਪਾ ਦਿੱਤੀ ਗਈ?**

**ਉ.** 21 ਫਰਵਰੀ,1915 ਦਾ ਦਿਨ ਮੀਆਂ ਮੀਰ ਤੇ ਫਿਰੋਜ਼ਪੁਰ ਛਾਉਣੀਆਂ ਦੇ ਮੈਗਜ਼ੀਨਾਂ ਉੱਤੇ ਹਮਲਾ ਕਰਨ ਲਈ ਮਿਥਿਆ ਗਿਆ ਪਰ ਇਸ ਵੇਲੇ ਤੱਕ ਇਸ ਦੇ ਕੇਂਦਰ ਵਿੱਚ ਇੱਕ ਮੁਖਬਰ ਕਿਰਪਾਲ ਸਿੰਘ ਵੀ ਵੜ ਗਿਆ ਸੀ ਜੋ ਕੇਂਦਰ ਦੇ ਕੰਮ ਤੇ ਸਲਾਹਾਂ ਦੀਆਂ ਖਬਰਾਂ ਖੁਫੀਆ ਪੁਲਿਸ ਨੂੰ ਪਹੁੰਚਾਉਂਦਾ ਸੀ। ਉਸ ਨੇ ਇਸ ਤਾਰੀਖ ਦੀ ਸੂਹ ਖੁਫੀਆ ਪੁਲਿਸ ਨੂੰ ਦੇ ਦਿੱਤੀ।ਉੱਧਰ ਪਾਰਟੀ ਦੇ ਕੇਂਦਰ ਨੂੰ ਵੀ ਇਸ ਸੂਹ ਦਾ ਪਤਾ ਲੱਗ ਗਿਆ ਤੇ ਇਹ ਤਾਰੀਖ ਅੱਗੇ ਪਾ ਦਿੱਤੀ ਗਈ।

**ਪ੍ਰ.6 ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੀ ਸਜ਼ਾ ਕਿਉਂ ਸੁਣਾਈ ਗਈ?**

**ਉ.** ਕਰਤਾਰ ਸਿੰਘ ਸਰਾਭਾ ਗਦਰ ਲਹਿਰ ਦਾ ਮੋਢੀ ਸੀ। ਇਸ ਕਰਕੇ ਉਸ ਖਿਲਾਫ ਡਿਫੈਂਸ ਆਫ ਇੰਡੀਆ ਐਕਟ ਅਧੀਨ ਮੁੱਕਦਮਾ ਚਲਾਇਆ ਗਿਆ।ਇਹ ਮੁੱਕਦਮਾ ਤਾਂ 82 ਜਣਿਆ ਉਪਰ ਚੱਲਿਆ ਪਰ ਵਾਇਸਰਾਏ ਨੇ ਕਰਤਾਰ ਸਿੰਘ ਸਰਾਭਾ ਅਤੇ ਜਗਤ ਸਿੰਘ ਅਤੇ ਪੰਜ ਹੋਰਨਾਂ ਨੂੰ 16 ਨਵੰਬਰ 1915 ਦੇ ਦਿਨ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ।

**ਪ੍ਰ.7 ਫਾਂਸੀ ਦੀ ਸਜ਼ਾ ਸੁਣ ਕੇ ਕਰਤਾਰ ਸਿੰਘ ਸਰਾਭਾ ਨੇ ਜੱਜਾਂ ਨੂੰ ਕੀ ਕਿਹਾ?**

**ਉ.** ਕਰਤਾਰ ਸਿੰਘ ਸਰਾਭਾ ਨੇ 13 ਸਤੰਬਰ ਨੂੰ ਫਾਂਸੀ ਦੀ ਸਜ਼ਾ ਸੁਣ ਕੇ ਜੱਜਾਂ ਦਾ ਧੰਨਵਾਦ ਕੀਤਾ ਤੇ ਕਿਹਾ, " ਮੈਂ ਫਿਰ ਪੈਦਾ ਹੋ ਕੇ ਵੀ ਹਿੰਦੁਸਤਾਨ ਦੀ ਅਜ਼ਾਦੀ ਲਈ ਲੜਾਂਗਾ"।